# ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਸਿਖਾਉਣ ਲਈ ਯਸਾਯਾਹ ਨੂੰ ਤਿਆਰ ਕੀਤਾ

ਯਸਾਯਾਹ ਉਹ ਨਬੀ ਸੀ ਜਿਸਨੇ ਸਵਰਗ ਵੇਖਿਆ।

ਪ੍ਰਾਰਥਨਾ: ''ਪਿਆਰੇ ਪ੍ਰਭੂ, ਸਾਨੂੰ ਯਸਾਯਾਹ ਨਬੀ ਦੀ ਤਰ੍ਹਾਂ ਆਪਣਾ ਪਰਤਾਪ ਅਤੇ ਪਵਿੱਤਰਤਾ ਵੇਖਣ ਦੇ, ਅਤੇ ਤੇਰੇ ਸਾਹਮਣੇ ਉਸ ਦੀ ਤਰ੍ਹਾਂ ਆਪਣੇ ਆਪ ਨੂੰ ਦੀਨ ਕਰਨ ਅਤੇ ਤੇਰੀ ਪਵਿੱਤਰਤਾ ਸਵਿਕਾਰ ਕਰਕੇ ਆਪਣੇ ਆਪ ਨੂੰ ਤੇਰੀ ਸੇਵਾ ਲਈ ਭੇਟ ਕਰਨ ਦੇ।"

ਬੱਚਿਆਂ ਦੇ ਸਿੱਖਣ ਵਾਲੀਆਂ ਇਨ੍ਹਾਂ **ਗਤੀਵਿਧੀਆਂ** ਵਿੱਚੋਂ ਕੋਈ ਇਕ ਚੁਣੋ ਜਿਹੜੀ ਉਨ੍ਹਾਂ ਦੀ ਉਮਰ ਅਤੇ ਲੋੜਾਂ ਲਈ ਢੁੱਕਵੀਂ ਹੈ।

ਜਦੋਂ ਪਰਮੇਸ਼ੁਰ ਨੇ ਯਸਾਯਾਹ ਨੂੰ ਸਵਰਗ ਵਿੱਚ ਵੇਖਣ ਦਿੱਤਾ, ਅਤੇ ਫਿਰ ਉਸਨੂੰ ਪ੍ਰਾਚੀਨ ਇਸਰਾਏਲ ਦੇ ਲੋਕਾਂ ਕੋਲ ਪਰਮੇਸ਼ੁਰ ਦਾ ਵਚਨ ਸਿਖਾਉਣ ਲਈ ਭੇਜਿਆ, ਇਸ ਕਹਾਣੀ ਨੂੰ ਯਸਾਯਾਹ 6:1-8 ਵਿੱਚੋਂ ਮੂੰਹ ਜਬਾਨੀ ਦੱਸੋ ਜਾਂ ਪੜ੍ਹੋ।

ਹੇਠ ਲਿਖੇ ਪ੍ਰਸ਼ਨ ਪੁੱਛੋ (ਹਰ ਪ੍ਰਸ਼ਨ ਦਾ ਉੱਤਰ ਉਸਦੇ ਸਾਹਮਣੇ ਦਿੱਤਾ ਗਿਆ ਹੈ):

- ਯਸਾਯਾਹ ਨੇ ਯਹੋਵਾਹ ਨੂੰ ਕਿੱਥੇ ਵੇਖਿਆ? (*ਆਇਤ 1 ਵੇਖੋ*)
- ਯਹੋਵਾਹ ਉੱਪਰ ਕੀ ਉੱਡਦਾ ਸੀ? (*ਆਇਤ 3: ਸਰਾਫ਼ੀਮ ਵੱਡੇ ਵੱਡੇ ਦੂਤ ਸਨ।*)
- ਸਰਾਫ਼ੀਮ ਜ਼ੋਰ ਜ਼ੋਰ ਨਾਲ ਕੀ ਕਹਿੰਦੇ ਸਨ? (*3 ਆਇਤ*)
- ਜਦੋਂ ਦੂਤਾਂ ਗਾਇਆ ਤਾਂ ਭਵਨ ਨੂੰ ਕੀ ਹੋਇਆ? (*4 ਆਇਤ*)
- ਜਦੋਂ ਇਹ ਹੋਇਆ ਯਸਾਯਾਹ ਨੇ ਕੀ ਮਹਿਸੂਸ ਕੀਤਾ? (*5 ਆਇਤ*)



- ਯਸਾਯਾਹ ਕਿਉਂ ਡਰਿਆ? (*5 ਆਇਤ* )
- ਯਸਾਯਾਹ ਨੇ ਆਪਣੇ ਬੁਲ੍ਹਾਂ ਨੂੰ ਕਿਵੇਂ ਸ਼ੁੱਧ ਕੀਤਾ? (*6-7 ਆਇਤ* )
- ਦੂਤ ਨੇ ਯਸਾਯਾਹ ਨੂੰ ਕੀ ਕਿਹਾ? (*7 ਆਇਤ* )
- ਯਸਾਯਾਹ ਨੇ ਯਹੋਵਾਹ ਨੂੰ ਕਿਹੜਾ ਪ੍ਰਸ਼ਨ ਪੁੱਛਦੇ ਸੁਣਿਆ? (*8 ਆਇਤ* )
- ਯਸਾਯਾਹ ਨੇ ਕੀ ਉੱਤਰ ਦਿੱਤਾ? (*8 ਆਇਤ* )
- ਕੀ ਸਾਨੂੰ ਵੀ ਪਰਮੇਸ਼ੁਰ ਕੋਲੋਂ ਸ਼ੁੱਧ ਹੋਣ ਅਤੇ ਆਪਣੇ ਪਾਪਾਂ ਦੀ ਮਾਫ਼ੀ ਪਾਉਣ ਦੀ ਲੋੜ ਹੈ ਜਿਵੇਂ ਉਸਨੇ ਯਸਾਯਾਹ ਲਈ ਕੀਤਾ?
- ਜੇਕਰ ਪਰਮੇਸ਼ੁਰ ਸਾਨੂੰ ਪੁੱਛੇ ਕਿ ਮੇਰੇ ਬਾਰੇ ਲੋਕਾਂ ਨੂੰ ਦੱਸਣ ਲਈ ਮੈਨੂੰ ਕਿਸਨੂੰ ਭੇਜਣਾ ਚਾਹੀਦਾ ਹੈ ਤਾਂ ਸਾਨੂੰ ਕੀ ਉੱਤਰ ਦੇਣਾ ਚਾਹੀਦਾ ਹੈ?

ਯਹੋਵਾਹ ਨੇ ਕਿਵੇਂ ਯਸਾਯਾਹ ਨੂੰ ਪਰਮੇਸ਼ੁਰ ਦਾ ਵਚਨ ਸਿਖਾਉਣ ਲਈ ਕਿਵੇਂ ਤਿਆਰ ਕੀਤਾ ਇਸ ਕਹਾਣੀ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ (ਯਸਾਯਾਹ 6:1-8)।

- ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ ਬੱਚਿਆਂ ਦੇ ਇਹ ਛੋਟਾ ਨਾਟਕ ਪੇਸ਼ ਕਰਨ ਲਈ ਪ੍ਰਬੰਧ ਕਰੋ।
- ਬੱਚਿਆਂ ਨੂੰ ਸਿੱਖਿਆ ਦੇਣ ਦੇ ਸਮੇਂ ਨੂੰ ਨਾਟਕ ਦੀ ਤਿਆਰੀ ਲਈ ਪ੍ਰਯੋਗ ਕਰੋ।
- ਤੁਹਾਨੂੰ ਸਾਰੇ ਭਾਗਾਂ ਦਾ ਪ੍ਰਯੋਗ ਕਰਨ ਦੀ ਲੋੜ ਨਹੀਂ ਹੈ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਮਦਦ ਕਰਨ ਦਿਓ।
- ਵੱਡੇ ਬੱਚਿਆਂ ਜਾਂ ਬਾਲਗਾਂ ਨੂੰ ਯਸਾਯਾਹ, ਯਹੋਵਾਹ ਦੀ ਅਵਾਜ਼ ਅਤੇ ਕਥਾਵਾਚਕ ਦਾ ਕਿਰਦਾਰ ਨਿਭਾਉਣ ਦਿਓ। ਕਥਾਵਾਚਕ ਨੂੰ ਕਹਾਣੀ ਦਾ ਖੁਲਾਸਾ ਕਰਨ ਦਿਓ ਅਤੇ ਬੱਚਿਆਂ ਨੂੰ ਜੋ ਉਨ੍ਹਾਂ ਕਹਿਣਾ ਅਤੇ ਕਰਨਾ ਹੈ ਯਾਦ ਕਰਾਉਣ ਵਿੱਚ ਮਦਦ ਕਰਨ ਦਿਓ।
- ਛੋਟੇ ਬੱਚਿਆਂ ਨੂੰ ਸਰਾਫ਼ੀਮ (ਵੱਡੇ ਦੂਤ) ਦਾ ਕਿਰਦਾਰ ਨਿਭਾਉਣ ਦਿਓ। ਉਹ ਅਜਿਹੀ ਚੀਜ਼ ਲੱਭਣ ਜਾਂ ਤਿਆਰ ਕਰਨ ਜਿਹੜੀ ਤੱਤੇ ਕੋਲੇ ਵਰਗੀ ਹੋਵੇ।

### ਭਾਗ 1

**ਕਥਾਵਾਚਕ :** ਯਸਾਯਾਹ 6:1-7 ਵਿੱਚੋਂ ਕਹਾਣੀ ਦਾ ਪਹਿਲਾ ਭਾਗ ਦੱਸੋ। ਕਹੋ, ''ਸੁਣੋ ਯਸਾਯਾਹ ਕੀ ਕਹਿੰਦਾ ਹੈ।''

**ਯਸਾਯਾਹ:** ਆਪਣੀਆਂ ਅੱਖਾਂ ਤੇ ਹੱਥ ਰੱਖੇ ਅਤੇ ਉੱਚੀ ਅਵਾਜ ਨਾਲ ਕਹੇ,

''ਮੈਂ ਯਹੋਵਾਹ ਨੂੰ ਉਸਦੇ ਭਵਨ ਵਿੱਚ ਵੇਖਿਆ! ਉਸਦਾ ਪਰਤਾਪ ਹਰ ਜਗ੍ਹਾ ਹੈ!

ਵੱਡੇ ਦੂਤ ਉਸਦੇ ਸਿੰਘਾਸਣ ਦੇ ਆਲੇ ਦੁਆਲੇ ਉੱਡਦੇ ਹਨ!

ਭਵਨ ਹਿੱਲ ਰਿਹਾ ਹੈ ਅਤੇ ਧੂੰਏਂ ਨਾਲ ਭਰ ਗਿਆ ਹੈ!

ਮੈਨੂੰ ਇਸ ਤੋਂ ਡਰ ਲੱਗਦਾ ਹੈ, ਕਿਉਂਕਿ ਮੈਂ ਪਾਪੀ ਹਾਂ!''

**ਕਥਾਵਾਚਕ :** ''ਸੁਣੋ ਵੱਡੇ ਦੂਤ ਕੀ ਕਹਿੰਦੇ ਹਨ।''

**ਸਰਾਫ਼ੀਮ (ਲੜਕੇ):** ਉੱਚੀ ਅਵਾਜ਼ ਨਾਲ ਗਾਓ ਜਾਂ ਉਸਤਤ ਕਰੋ, ''ਪਵਿੱਤ੍ਰ, ਪਵਿੱਤ੍ਰ, ਪਵਿੱਤ੍ਰ, ਸੈਨਾ ਦਾ ਯਹੋਵਾਹ!''

**ਸਰਾਫ਼ੀਮ (ਲੜਕੀਆਂ):** ''ਸਾਰੀ ਧਰਤੀ ਉਹ ਦੇ ਪਰਤਾਪ ਨਾਲ ਭਰੀ ਹੋਈ ਹੈ।''

(ਤੁਸੀਂ ਬੱਚਿਆਂ ਨੂੰ ਪਰਮੇਸ਼ੁਰ ਦੀ ਪਵਿੱਤਰਤਾ ਬਾਰੇ ਗੀਤ ਗਾਉਣ ਲਈ ਵੀ ਤਿਆਰ ਕਰ ਸਕਦੇ ਹੋ।)

**ਯਸਾਯਾਹ!** '' ਯਹੋਵਾਹ, ਮੈਂ ਸ਼ੁੱਧ ਨਹੀਂ ਹਾਂ। ਮੇਰੇ ਲੋਕ ਸਾਰੇ ਪਾਪੀ ਹਨ। ਮੈਂ ਤੇਰੀ ਹਜ਼ੂਰੀ ਵਿੱਚ ਨਹੀਂ ਠਹਿਰ ਸਕਦਾ।''

**ਸਰਾਫ਼ੀਮ ਵਿੱਚੋਂ ਇੱਕ :** ਕੋਲ਼ਾ ਲੈ ਕੇ ਯਸਾਯਾਹ ਕੋਲ ਉੱਡ ਕੇ ਜਾਣ ਦਾ ਢੋਂਗ ਕਰੇ। ਉਸਦੇ ਮੂੰਹ ਨੂੰ ਕੋਲ਼ੇ ਨਾਲ ਛੂਹੇ। ਜ਼ੋਰ ਦੀ ਕਹੇ, ''ਪਰਮੇਸ਼ੁਰ ਤੈਨੂੰ ਮਾਫ਼ ਕਰਦਾ ਹੈ। ਉਸਨੇ ਤੈਨੂੰ ਤੇਰੇ ਪਾਪ ਤੋਂ ਸ਼ੁੱਧ ਕਰ ਦਿੱਤਾ ਹੈ। ਇਹ ਸਭ ਹੁਣ ਖ਼ਤਮ ਹੋ ਗਏ ਹਨ!''

### ਭਾਗ 2

**ਕਥਾਵਾਚਕ :** ਆਇਤ 8 ਵਿੱਚੋਂ ਕਹਾਣੀ ਦਾ ਦੂਜਾ ਭਾਗ ਦੱਸੇ।

ਫਿਰ ਕਹੇ, ''ਸੁਣੋ ਪਰਮੇਸ਼ੁਰ ਕੀ ਕਹਿੰਦਾ ਹੈ।''

**ਪਰਮੇਸ਼ੁਰ ਦੀ ਅਵਾਜ਼:** ''ਮੈਨੂੰ ਇਕ ਸੰਦੇਸ਼ਵਾਹਕ ਦੀ ਲੋੜ ਹੈ। ਜਿਹੜਾ ਜਾ ਕੇ ਲੋਕਾਂ ਨੂੰ ਸਿਖਾਏ?''

**ਯਸਾਯਾਹ :** ''ਮੈਂ ਹਾਜ਼ਰ ਹਾਂ। ਮੈਨੂੰ ਘੱਲ।''

**ਕਥਾਵਾਚਕ :** ਹਰ ਇਕ ਜਣੇ ਦਾ ਧੰਨਵਾਦ ਕਰੇ ਜਿਸਨੇ ਨਾਟਕ ਵਿੱਚ ਮਦਦ ਕੀਤੀ ਹੈ।


**ਪ੍ਰਸ਼ਨ :** ਜੇਕਰ ਬੱਚੇ ਇਸ ਕਹਾਣੀ ਦਾ ਨਾਟਕ ਬਾਲਗਾਂ ਲਈ ਕਰਦੇ ਹਨ, ਤਾਂ ਉਨ੍ਹਾਂ ਨੂੰ ਵੀ ਉੱਪਰ ਦਿੱਤੇ ਗਈ ਪ੍ਰਸ਼ਨਾਂ ਦੀ ਸੂਚੀ ਵਿੱਚੋਂ ਬਾਲਗਾਂ ਕੋਲੋਂ ਪ੍ਰਸ਼ਨ ਪੁੱਛਣ ਦਿਓ।

**ਮੁਜ਼ਾਹਰਾ :** ਪੈਨਸਿਲ, ਪੇਪਰ ਅਤੇ ਮਾਚਸ ਤਿਆਰ ਕਰੋ। ਬੱਚਿਆਂ ਕੋਲੋਂ ਪੁੱਛੋ :

- ਕਿਹੜੀਆਂ ਗੱਲਾਂ ਸਾਨੂੰ ਪਰਮੇਸ਼ੁਰ ਸਾਹਮਣੇ ਅਸ਼ੁੱਧ ਬਣਾਉਂਦੀਆਂ ਹਨ? ਬੱਚੇ ਜੋ ਕਹਿੰਦੇ ਹਨ ਉਨ੍ਹਾਂ ਨੂੰ ਪੇਪਰ ਤੇ ਲਿਖ ਲਵੋ।
- ਅਸੀਂ ਆਪਣੇ ਪਾਪ ਤੋਂ ਕਿਵੇਂ ਛੁਟਕਾਰਾ ਪਾਉਂਦੇ ਹਾਂ? ਪੇਪਰ ਨੂੰ ਸਾੜੋ। ਦੱਸੋ ਕਿ ਪਰਮੇਸ਼ੁਰ ਸਾਡੇ ਪਾਪਾਂ ਨੂੰ ਦੂਰ ਕਰਦਾ ਹੈ।

ਪੁੱਛੋ: ਕਿਹੜੇ ਕੁਝ ਗੀਤ ਹਨ ਜਿਹੜੇ ਅਸੀਂ ਪਰਮੇਸ਼ੁਰ ਦੀ ਪਵਿੱਤਰਤਾ ਅਤੇ ਪਰਤਾਪ ਲਈ ਉਸਤਤ ਕਰਨ ਲਈ ਗਾਉਂਦੇ ਹਾਂ, ਜਿਵੇਂ ਸਵਰਗ ਵਿੱਚ ਮਹਾਨ ਦੂਤ ਗਾਉਂਦੇ ਹਨ? (ਬੱਚਿਆਂ ਨੂੰ ਕੁਝ ਗੀਤਾਂ ਦਾ ਜ਼ਿਕਰ ਕਰਨ ਦਿਓ ਅਤੇ ਉਨ੍ਹਾਂ ਨੂੰ ਗਾਉਣ ਦਿਓ।)

ਬਲਦੇ ਕੋਲ਼ੇ ਦਾ ਚਿੱਤਰ ਬਣਾਓ। ਬੱਚਿਆਂ ਨੂੰ ਆਪਣੇ ਆਪਣੇ ਚਿੱਤਰ ਬਾਲਗਾਂ ਨੂੰ ਅਰਾਧਨਾ ਸਮੇਂ ਦੌਰਾਨ ਵਿਖਾਉਣ ਦਿਓ ਅਤੇ ਬਿਆਨ ਕਰਨ ਦਿਓ ਕਿ ਇਹ ਵਿਖਾਉਂਦਾ ਹੈ ਕਿ ਪਰਮੇਸ਼ੁਰ ਕਿੰਨਾ ਸ਼ੁੱਧ ਅਤੇ ਪਵਿੱਤਰ ਹੈ, ਅਤੇ ਉਹ ਸਾਨੂੰ ਪਾਪਾਂ ਤੋਂ ਉਵੇਂ ਸ਼ੁਧ ਕਰਦਾ ਹੈ ਜਿਵੇਂ ਅੱਗ ਸੋਨੇ ਨੂੰ ਸ਼ੁੱਧ ਕਰਦੀ ਹੈ।



ਜਬੂਰਾਂ ਦੀ ਪੋਥੀ 51:10 ਯਾਦ ਕਰੋ।

ਕਵਿਤਾ: ਜਬੂਰਾਂ ਦੀ ਪੋਥੀ 63:1-3 ਵਿੱਚੋਂ ਤਿੰਨ ਬੱਚਿਆਂ ਨੂੰ ਇਕ ਇਕ ਆਇਤ ਪੜ੍ਹਨ ਦਿਓ:

ਹੇ ਪਰਮੇਸ਼ੁਰ, ਤੂੰ ਮੇਰਾ ਪਰਮੇਸ਼ੁਰ ਹੈਂ; ਮੈਂ ਦਿਲ ਤੋਂ ਤੈਨੂੰ ਭਾਲਦਾ ਹਾਂ;
ਮੇਰੀ ਜਾਨ ਤੇਰੀ ਤਿਹਾਈ ਹੈ, ਮੇਰਾ ਸਰੀਰ ਤੇਰੇ ਲਈ ਤਰਸਦਾ ਹੈ,
ਸੁੱਕੀ ਅਤੇ ਬੰਜਰ ਧਰਤੀ ਵਿੱਚ ਜਿੱਥੇ ਪਾਣੀ ਨਹੀਂ ਹੈ।
ਤਾਂ ਮੈਂ ਪਵਿੱਤਰ ਅਸਥਾਨ ਵਿੱਚ ਤੇਰਾ ਦਰਸ਼ਣ ਪਾਇਆ,
ਭਈ ਮੈਂ ਤੇਰਾ ਬਲ ਅਤੇ ਤੇਰੀ ਮਹਿਮਾ ਵੇਖਾਂ।
ਏਸ ਲਈ ਕਿ ਤੇਰੀ ਦਯਾ ਜੀਵਨ ਨਾਲੋਂ ਵੀ ਚੰਗੀ ਹੈ,
ਮੇਰੇ ਬੁੱਲ੍ਹ ਤੇਰੀ ਉਸਤਤ ਕਰਨਗੇ।

ਵੱਡੇ ਬੱਚਿਆਂ ਨੂੰ ਪਰਮੇਸ਼ੁਰ ਦੀ ਪਵਿੱਤਰਤਾ ਬਾਰੇ ਗੀਤ, ਕਵਿਤਾ ਜਾਂ ਸਾਧਾਰਨ ਨਾਟਕ ਲਿਖਣ ਦਿਓ। ਉਹ ਦੱਸ ਸਕਦੇ ਹਨ ਕਿ ਕਿਵੇਂ ਮਹਾਨ ਦੂਤ ਸਵਰਗ ਵਿੱਚ ਉਸਦੀ ਉਸਤਤ ਕਰਦੇ ਹਨ ਅਤੇ ਕਿਵੇਂ ਉਹ ਸਾਨੂੰ ਸ਼ੁੱਧ ਕਰਦਾ ਹੈ, ਤਾਂ ਕਿ ਅਸੀਂ ਉਸਦੀ ਸੇਵਾ ਕਰ ਸਕੀਏ।

ਪ੍ਰਾਰਥਨਾ : ਪ੍ਰਭੂ, ਯਸਾਯਾਹ ਦੀ ਤਰ੍ਹਾਂ, ਅਸੀਂ ਤੇਰੀ ਪਵਿੱਤਰਤਾ ਅਤੇ ਤੇਰੇ ਮਹਾਨ ਪਰਤਾਪ ਦੀ ਉਸਤਤ ਕਰਦੇ ਹਾਂ। ਮਹਾਨ ਦੂਤ ਤੇਰੀ ਅਰਾਧਨਾ ਕਰਦੇ ਹਨ। ਅਸੀਂ ਉਨ੍ਹਾਂ ਨਾਲ ਮਿਲਕੇ ਪਵਿੱਤ੍ਰ, ਪਵਿੱਤ੍ਰ, ਪਵਿੱਤ੍ਰ ਗਾਉਂਦੇ ਹਾਂ!'' ਤੇਰੀ ਪਵਿੱਤਰਤਾ ਸਾਨੂੰ ਵਿਖਾਉਂਦੀ ਹੈ ਕਿ ਅਸੀਂ ਕਿੰਨੇ ਅਸ਼ੁੱਧ ਹਾਂ। ਸਾਨੂੰ ਮਾਫ਼ ਕਰ ਅਤੇ ਸਾਨੂੰ ਸ਼ੁੱਧ ਕਰ। ਯਿਸੂ ਦੇ ਨਾਮ ਵਿੱਚ ਤੇਰਾ ਧੰਨਵਾਦ।''

Copyright 2004 © by Paul-Timothy. May be freely copied. Download from www.Paul-Timothy.net